# ਉਪਾਵਾਂ ਦੀ ਸ਼ਬਦਾਵਲੀ

## *Washington Environmental Health Disparities (EHD) ਦਾ ਨਕਸ਼ਾ*

ਸਤਿ ਸ਼੍ਰੀ ਅਕਾਲ। Environmental Health Disparities (EHD, ਵਾਤਾਵਰਣ ਸੰਬੰਧੀ ਸਿਹਤ ਅਸਮਾਨਤਾਵਾਂ) ਦੇ ਨਕਸ਼ੇ ਦੀਆਂ ਸ਼੍ਰੇਣੀਆਂ ਅਤੇ ਉਪਾਵਾਂ ਬਾਰੇ ਜਾਣਨ ਲਈ ਆਪਣੀ ਦਿਲਚਸਪੀ ਦਿਖਾਉਣ ਵਾਸਤੇ ਤੁਹਾਡਾ ਧੰਨਵਾਦ। ਭਾਈਚਾਰੇ ਦੀ ਪ੍ਰਤੀਕਿਰਿਆ ਦੇ ਆਧਾਰ ‘ਤੇ ਅਸੀਂ ਇਹ ਮੰਨਦੇ ਹਾਂ ਕਿ ਭਾਈਚਾਰਿਆਂ ਨੂੰ EHD ਨਕਸ਼ੇ ਦੇ ਸੰਸਕਰਣ 3.0 ਲਈ 25 ਉਪਾਵਾਂ ਅਤੇ ਸ਼ਬਦਾਂ ਦੀ ਵਿਆਖਿਆ ਕਰਨ ਵਾਸਤੇ ਸਰੋਤਾਂ ਤੱਕ ਤੁਰੰਤ ਪਹੁੰਚ ਚਾਹੀਦੀ ਹੈ।

**ਸ਼੍ਰੇਣੀ** ਸੰਬੰਧਿਤ ਉਪਾਵਾਂ ਦਾ ਸਮੂਹ ਹੁੰਦਾ ਹੈ ਜਿਨ੍ਹਾਂ ਦੇ ਮਿਲੇ-ਜੁਲੇ ਰੈਂਕ ਹੁੰਦੇ ਹਨ ਜਿਵੇਂ ਕਿ ਵਾਤਾਵਰਣ ਸੰਬੰਧੀ ਖ਼ਤਰਿਆਂ ਦੇ ਸੰਪਰਕ ਵਿੱਚ ਆਉਣਾ।

**ਉਪਾਅ** ਸਿਹਤ, ਵਾਤਾਵਰਣ ਸੰਬੰਧੀ ਹਾਲਾਤਾਂ ਜਾਂ ਸਮਾਜਿਕ-ਆਰਥਿਕ ਸਥਿਤੀ ਨਾਲ ਸੰਬੰਧਿਤ ਵਿਅਕਤੀਗਤ ਕਾਰਕ ਹੁੰਦੇ ਹਨ।

ਹਰ ਇੱਕ ਉਪਾਅ ਜਾਂ ਤਾਂ ਵਾਤਾਵਰਣ ਸੰਬੰਧੀ ਖ਼ਤਰਾ ਹੈ ਜਾਂ ਵਾਤਾਵਰਣ ਸੰਬੰਧੀ ਖ਼ਤਰੇ ਪ੍ਰਤੀ ਲੋਕਾਂ ਦੀ ਕਮਜ਼ੋਰੀ ਨੂੰ ਪ੍ਰਭਾਵਿਤ ਕਰਦਾ ਹੈ।

- **ਵਾਤਾਵਰਣ ਸੰਬੰਧੀ ਖ਼ਤਰੇ** ਤੋਂ ਭਾਵ ਹੈ, ਵਾਤਾਵਰਣ ਅਤੇ ਮਨੁੱਖੀ ਸਿਹਤ ਲਈ ਸੰਭਾਵੀ ਖ਼ਤਰੇ, ਜਿਵੇਂ ਕਿ ਹਵਾ ਅਤੇ ਪਾਣੀ ਦਾ ਪ੍ਰਦੂਸ਼ਣ, ਭੀੜ-ਭੜੱਕੇ ਵਾਲਾ ਟ੍ਰੈਫਿਕ (ਵਾਹਨਾਂ ਦੀ ਗਿਣਤੀ ਸੜਕ ਦੀ ਸਮਰੱਥਾ ਤੋਂ ਵੱਧ ਹੈ) ਅਤੇ ਸ਼ਹਿਰੀ ਵਿਸਥਾਰ (ਸ਼ਹਿਰਾਂ ਅਤੇ ਕਸਬਿਆਂ ਦਾ ਤੇਜ਼ੀ ਨਾਲ ਵਿਸਥਾਰ)। ਇਹ ਖ਼ਤਰੇ ਸਿਹਤ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕਰ ਸਕਦੇ ਹਨ, ਜਿਵੇਂ ਕਿ ਦਮਾ ਜਾਂ ਐਲਰਜੀ ਹੋਣਾ, ਜਾਂ ਫਿਰ ਅਸਿੱਧੇ ਤੌਰ 'ਤੇ ਪ੍ਰਭਾਵਿਤ ਕਰ ਸਕਦੇ ਹਨ ਜਿਵੇਂ ਕਿ ਲੰਬੀ ਦੂਰੀ ਤੱਕ ਸਫ਼ਰ ਕਰਨ ਵਰਗੇ ਕਾਰਕਾਂ ਰਾਹੀਂ।

- **ਵਾਤਾਵਰਣ ਸੰਬੰਧੀ ਖ਼ਤਰੇ ਪ੍ਰਤੀ ਕਮਜ਼ੋਰੀ** ਕਿਸੇ ਵਿਅਕਤੀ ਜਾਂ ਲੋਕਾਂ ਦੇ ਸਮੂਹ ਦੀਆਂ ਵਿਸ਼ੇਸ਼ਤਾਵਾਂ ਨੂੰ ਦਰਸਾਉਂਦੀ ਹੈ ਜੋ ਵਾਤਾਵਰਣ ਸੰਬੰਧੀ ਖ਼ਤਰੇ ਦੇ ਪ੍ਰਭਾਵ ਨੂੰ ਵਧਾ ਸਕਦੀਆਂ ਹਨ। ਆਬਾਦੀ ਦੇ ਕੁਝ ਸਮੂਹ, ਉਮਰ, ਲਿੰਗ ਅਤੇ ਜਿਨਸੀ ਪਛਾਣ, ਨਸਲ, ਸੱਭਿਆਚਾਰ, ਧਰਮ, ਅਪਾਹਜਤਾ, ਪਹਿਲਾਂ ਤੋਂ ਮੌਜੂਦ ਸਿਹਤ ਸਮੱਸਿਆਵਾਂ, ਸਮਾਜਿਕ-ਆਰਥਿਕ ਸਥਿਤੀ, ਭੂਗੋਲਿਕ ਸਥਿਤੀ ਜਾਂ ਪਰਵਾਸੀ ਸਥਿਤੀ ਵਰਗੀਆਂ ਵਿਸ਼ੇਸ਼ਤਾਵਾਂ ਦੇ ਕਾਰਨ ਵਾਤਾਵਰਣ ਸੰਬੰਧੀ ਖ਼ਤਰਿਆਂ ਪ੍ਰਤੀ ਜ਼ਿਆਦਾ ਕਮਜ਼ੋਰ ਹੁੰਦੇ ਹਨ।

ਇਹ 25 ਉਪਾਅ ਵਾਤਾਵਰਣ ਸੰਬੰਧੀ ਖ਼ਤਰਿਆਂ ਦੇ ਸੰਪਰਕ, ਵਾਤਾਵਰਣ ਸੰਬੰਧੀ ਪ੍ਰਭਾਵਾਂ, ਸਮਾਜਿਕ-ਆਰਥਿਕ ਕਾਰਕਾਂ ਜਾਂ ਸੰਵੇਦਨਸ਼ੀਲ ਆਬਾਦੀਆਂ ਦੀਆਂ ਸ਼੍ਰੇਣੀਆਂ ਵਿੱਚ ਆਉਂਦੇ ਹਨ। ਸੰਸਕਰਣ 2.0 ਵਿੱਚ ਸ਼ਾਮਲ ਜ਼ਿਆਦਾਤਰ ਉਪਾਵਾਂ ਦੀ ਯੋਜਨਾ ਸੰਸਕਰਣ 3.0 ਲਈ ਬਣਾਈ ਗਈ ਹੈ।

ਵਾਸ਼ਿੰਗਟਨ ਵਾਤਾਵਰਣ ਸੰਬੰਧੀ ਸਹਿਤ ਅਸਮਾਨਤਾਵਾਂ ਦਾ ਨਕਸ਼ਾ

# ਖ਼ਤਰਾ x ਕਮਜ਼ੋਰੀ = ਜੋਖ਼ਮ

## ਖ਼ਤਰਾ

**ਵਾਤਾਵਰਣ ਸੰਬੰਧੀ ਖ਼ਤਰਿਆਂ ਦੇ ਸੰਪਰਕ ਵੱਿਚ ਆਉਣਾ**

ਓਜ਼ੋਨ ਦਾ ਗਾੜ੍ਹਾਪਣ

ਪਾਰਟੀਕੁਲੇਟ ਮੈਟਰ 2.5 (PM2.5) ਦਾ ਗਾੜ੍ਹਾਪਣ

ਕੀਟਨਾਸ਼ਕ ਦੇ ਸੰਪਰਕ ਵੱਿਚ ਆਉਣਾ

ਜ਼ਆਿਦਾ ਟ੍ਰੈਫਕਿ ਵਾਲੀਆਂ ਸੜਕਾਂ ਦਾ ਨੇੜੇ ਮੌਜੂਦ ਹੋਣਾ

ਡੀਜ਼ਲ ਅਤੇ ਹਵਾ ਦੇ ਹੋਰ ਜ਼ਹਰਿੀਲੇ ਤੱਤਾਂ ਤੋਂ ਜੋਖ਼ਮ

ਜੰਗਲੀ ਅੱਗ ਦੇ ਧੂੰਏਂ ਦੇ ਸੰਪਰਕ ਵੱਿਚ ਆਉਣਾ

**ਵਾਤਾਵਰਣ ਸੰਬੰਧੀ ਪ੍ਰਭਾਵ**

ਰਹਿਾਇਸ਼ ਸਥਾਨ ਵਖਿ ਲੈੱਡ ਦਾ ਖ਼ਤਰਾ

ਖ਼ਤਰਨਾਕ ਰਹਿੰਦ-ਖੂੰਹਦ ਵਾਲੀਆਂ ਸਾਈਟਾਂ ਦੇ ਨੇੜੇ ਹੋਣਾ

ਖ਼ਤਰਾ ਪ੍ਰਬੰਧਨ ਯੋਜਨਾ ਵਾਲੀਆਂ ਥਾਵਾਂ ਦੇ ਨੇੜੇ ਹੋਣਾ

ਸੁਪਰਫੰਡ ਸਾਈਟਾਂ ਦਾ ਨੇੜੇ ਮੌਜੂਦ ਹੋਣਾ

ਗੰਦੇ ਪਾਣੀ ਦੀ ਨਕਿਾਸੀ

ਪਾਣੀ ਦੀ ਗੁਣਵੱਤਾ

## ਕਮਜ਼ੋਰੀ

**ਸਮਾਜਕਿ-ਆਰਥਕਿ ਕਾਰਕ**

ਭਾਈਚਾਰੇ ਲਈ ਰਟਿੇਲ ਭੋਜਨ ਦਾ ਮਾਹੌਲ

ਡਜਿੀਟਲ ਬੁਨਆਿਦੀ ਢਾਂਚਾ

ਕੋਈ ਹਾਈ ਸਕੂਲ ਡਪਿਲੋਮਾ ਨਹੀ

ਗੈਰ-ਗੋਰੇ ਲੋਕ (ਨਸਲ/ਜਾਤੀ)

ਗਰੀਬੀ ਵੱਿਚ ਰਹਿ ਰਹੀ ਆਬਾਦੀ (ਸੰਘੀ ਗਰੀਬੀ ਪੱਧਰ ਦਾ <= 185%)

ਮੁੱਖ ਭਾਸ਼ਾ ਅੰਗਰੇਜ਼ੀ ਤੋਂ ਇਲਾਵਾ ਕੋਈ ਹੋਰ ਹੈ

ਆਵਾਜਾਈ ਦਾ ਖਰਚਾ

ਮਹਿੰਗੀ ਰਹਿਾਇਸ਼

ਬੇਰੁਜ਼ਗਾਰੀ

**ਸੰਵੇਦਨਸ਼ੀਲ ਆਬਾਦੀ**

ਹਵਾ ਦੀ ਗੁਣਵੱਤਾ ਨਾਲ ਸੰਬੰਧਤਿ ਸਾਹ ਦੀ ਬਮਿਾਰੀ

ਦਲਿ ਦੀ ਬਮਿਾਰੀ ਕਾਰਨ ਮੌਤ

ਜਨਮ ਵੇਲੇ ਘੱਟ ਭਾਰ

ਅਪਾਹਜ ਲੋਕ

## ਜੋਖ਼ਮ

**ਵਾਤਾਵਰਣ ਸੰਬੰਧੀ ਸਹਿਤ ਅਸਮਾਨਤਾਵਾਂ**

ਉਹ ਭਾਈਚਾਰੇ ਜੋ ਨਰਿਪੱਖ ਬਹਿਤਰੀ ਦੇ ਲਈ ਜ਼ਆਿਦਾਵਾਤਾਵਰਣ ਸੰਬੰਧੀ ਸਹਿਤ ਦੇ ਬੋਝ ਦਾ ਅਸੰਤੁਲਤਿ ਹੱਿਸਾ ਝੱਲ ਰਹੇ ਹਨ, ਜਨ੍ਹਿਾਂ ਨੂੰ ਬਰਾਬਰ ਨਤੀਜਆਿਂ ਤੱਕ ਪਹੁੰਚਣ ਲਈ ਵਧੇਰੇ ਸਹਾਇਤਾ ਦੀ ਲੋੜ ਹੋਵੇਗੀ

12161 - 02/25/26

**ਪ੍ਰਦੂਸ਼ਣ, ਰਹਣਿ-ਸਹਣਿ ਦਾ ਖਰਚਾ, ਅਤੇ ਹੋਰ ਸਮਾਜਕਿ ਸਥਤਿੀਆਂ ਆਪਣੇ ਆਪ ਨਹੀ ਹੁੰਦੀਆਂ ਹਨ। ਇਹ ਨਸਲਵਾਦ, ਬਸਤੀਵਾਦ ਅਤੇ ਹੋਰ ਬੇਇਨਸਾਫ਼ੀਆਂ ਦੇ ਲਗਾਤਾਰ ਪ੍ਰਭਾਵਾਂ ਨਾਲ ਮਲਿ ਕੇ ਭਾਈਚਾਰੇ ਦੀ ਸਹਿਤ ਨੂੰ ਪ੍ਰਭਾਵਤਿ ਕਰਦੀਆਂ ਹਨ।**

## ਵਾਤਾਵਰਣ ਸੰਬੰਧੀ ਖ਼ਤਰਿਆਂ ਦੇ ਸੰਪਰਕ ਵਿੱਚ ਆਉਣਾ

ਇਸ ਸ਼੍ਰੇਣੀ ਵਿੱਚ ਵਾਤਾਵਰਣ ਵਿੱਚ ਪ੍ਰਦੂਸ਼ਣ ਦੇ ਛੇ ਉਪਾਅ ਸ਼ਾਮਲ ਹਨ। ਆਮ ਤੌਰ 'ਤੇ ਲੋਕ ਹਵਾ ਨੂੰ ਸਾਹ ਰਾਹੀਂ ਅੰਦਰ ਲਿਜਾਉਣ, ਭੋਜਨ ਖਾਣ, ਪਾਣੀ ਪੀਣ, ਜਾਂ ਵਾਤਾਵਰਣ ਸੰਬੰਧੀ ਖ਼ਤਰੇ ਦੇ ਨੇੜੇ ਰਹਿਣ ਕਾਰਨ ਇਸ ਪ੍ਰਦੂਸ਼ਣ ਦੇ ਸੰਪਰਕ ਵਿੱਚ ਆਉਂਦੇ ਹਨ। ਇਹ ਪ੍ਰਦੂਸ਼ਣ ਸਾਹ ਲੈਣ ਵਿੱਚ ਮੁਸ਼ਕਲ ਤੋਂ ਲੈ ਕੇ ਕੈਂਸਰ ਤੱਕ, ਕਈ ਸਿਹਤ ਸਮੱਸਿਆਵਾਂ ਦਾ ਕਾਰਨ ਬਣ ਸਕਦਾ ਹੈ।



### ਓਜ਼ੋਨ ਦਾ ਗਾੜ੍ਹਾਪਣ

ਓਜ਼ੋਨ ਇੱਕ ਗੈਸ ਹੈ ਜੋ ਕਾਰਾਂ ਦੇ ਧੂੰਏਂ, ਬਲਦੀ ਹੋਈ ਲੱਕੜ, ਗੈਸੋਲੀਨ ਪੰਪ ਅਤੇ ਹਵਾ ਪ੍ਰਦੂਸ਼ਣ ਦੇ ਹੋਰ ਸਰੋਤਾਂ ਤੋਂ ਪੈਦਾ ਹੁੰਦੀ ਹੈ। ਓਜ਼ੋਨ ਦੀ ਜ਼ਿਆਦਾ ਮਾਤਰਾ ਦੇ ਕਾਰਨ ਦਮਾ ਅਤੇ ਦਿਲ ਦੀ ਬਿਮਾਰੀ ਹੋ ਸਕਦੀ ਹੈ। ਬਾਹਰ ਕੰਮ ਕਰਨ ਵਾਲੇ ਕਰਮਚਾਰੀ ਅਤੇ ਛੋਟੇ ਬੱਚੇ ਇਸ ਨਾਲ ਸਭ ਤੋਂ ਵੱਧ ਪ੍ਰਭਾਵਿਤ ਹੁੰਦੇ ਹਨ।

### ਪਾਰਟੀਕੁਲੇਟ ਮੈਟਰ 2.5 (PM2.5) ਦਾ ਇਕੱਠਾ ਹੋਣਾ

PM2.5 ਛੋਟੇ ਕਣ ਹੁੰਦੇ ਹਨ ਜੋ ਕਿਸੇ ਚੀਜ਼ ਨੂੰ ਸਾੜਨ, ਜੰਗਲ ਦੀ ਅੱਗ, ਉਦਯੋਗ ਅਤੇ ਮੋਟਰ ਵਾਹਨਾਂ ਦੀ ਪ੍ਰਕਿਰਿਆ ਦੁਆਰਾ ਬਣਦੇ ਹਨ। PM2.5 ਦੀ ਜ਼ਿਆਦਾ ਮਾਤਰਾ ਦੇ ਕਾਰਨ ਫੇਫੜਿਆਂ ਨੂੰ ਨੁਕਸਾਨ ਪਹੁੰਚ ਸਕਦਾ ਹੈ। ਇਹ ਸਾਹ ਲੈਣ ਵਿੱਚ ਮੁਸ਼ਕਲ ਅਤੇ ਮੌਤ ਦਾ ਕਾਰਨ ਬਣ ਸਕਦਾ ਹੈ, ਖ਼ਾਸ ਕਰਕੇ ਉਹਨਾਂ ਲੋਕਾਂ ਵਿੱਚ ਜਿਨ੍ਹਾਂ ਨੂੰ ਫੇਫੜਿਆਂ ਜਾਂ ਦਿਲ ਦੀ ਬਿਮਾਰੀ ਹੈ।



# ਵਾਤਾਵਰਣ ਸੰਬੰਧੀ ਖ਼ਤਰਿਆਂ ਦੇ ਸੰਪਰਕ ਵਿੱਚ ਆਉਣਾ (ਅੱਗੇ ਜਾਰੀ)



## ਕੀਟਨਾਸ਼ਕ ਦੇ ਸੰਪਰਕ ਵਿੱਚ ਆਉਣਾ

ਕੀਟਨਾਸ਼ਕ ਗੰਭੀਰ ਸਿਹਤ ਸਮੱਸਿਆਵਾਂ ਪੈਦਾ ਕਰ ਸਕਦੇ ਹਨ, ਜਿਵੇਂ ਕਿ ਸਾਹ ਲੈਣ ਵਿੱਚ ਮੁਸ਼ਕਲ ਜਾਂ ਸਰੀਰ ਦੇ ਦਿਮਾਗੀ ਪ੍ਰਣਾਲੀ ਨੂੰ ਨੁਕਸਾਨ ਪਹੁੰਚਾਉਣਾ। ਖੇਤੀਬਾੜੀ ਕਰਨ ਵਾਲੇ ਕਿਸਾਨਾਂ, ਪੇਂਡੂ ਭਾਈਚਾਰਿਆਂ ਅਤੇ ਘੱਟ ਵਿੱਤੀ ਆਮਦਨ ਵਾਲੇ ਪਰਿਵਾਰਾਂ ਦੀ ਕੀਟਨਾਸ਼ਕਾਂ ਦੇ ਸੰਪਰਕ ਵਿੱਚ ਆਉਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ।

## ਜ਼ਿਆਦਾ ਟ੍ਰੈਫਿਕ ਵਾਲੀਆਂ ਸੜਕਾਂ ਦਾ ਨੇੜੇ ਮੌਜੂਦ ਹੋਣਾ

ਜ਼ਿਆਦਾ ਟ੍ਰੈਫਿਕ ਵਾਲੀਆਂ ਸੜਕਾਂ ਦੇ ਨੇੜੇ ਰਹਿਣ ਨਾਲ ਲੋਕਾਂ ਨੂੰ ਜ਼ਿਆਦਾ ਹਵਾ ਪ੍ਰਦੂਸ਼ਣ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਸ ਨਾਲ ਦਮੇ ਵਰਗੀਆਂ ਬਿਮਾਰੀਆਂ ਹੋ ਸਕਦੀਆਂ ਹਨ। ਪੁਰਾਣੇ ਸਮੇਂ ਤੋਂ ਹੀ ਨਸਲਵਾਦ ਦੇ ਕਾਰਨ, ਜਿਨ੍ਹਾਂ ਲੋਕਾਂ ਨੂੰ ਆਮਦਨ ਦੇ ਘੱਟ ਮੌਕੇ ਮਿਲਦੇ ਹਨ ਅਤੇ ਜੋ ਅਲਪ-ਸੰਖਿਅਕ ਭਾਈਚਾਰਿਆਂ ਦੇ ਹਨ, ਅਕਸਰ ਉਹੀ ਲੋਕ ਇਹਨਾਂ ਸੜਕਾਂ ਦੇ ਨੇੜੇ ਰਹਿੰਦੇ ਹਨ। ਇਹ ਉਨ੍ਹਾਂ ਲਈ ਦਿਲ ਦੀ ਬਿਮਾਰੀ ਅਤੇ ਕੈਂਸਰ ਦੇ ਜੋਖ਼ਮ ਨੂੰ ਵਧਾ ਦਿੰਦਾ ਹੈ।





## ਡੀਜ਼ਲ ਅਤੇ ਹਵਾ ਦੇ ਹੋਰ ਜ਼ਹਿਰੀਲੇ ਤੱਤਾਂ ਤੋਂ ਜੋਖ਼ਮ

ਹਵਾ ਵਿੱਚ ਮੌਜੂਦ ਹਾਨੀਕਾਰਕ ਪ੍ਰਦੂਸ਼ਣ ਜਿਸ ਨੂੰ ਹਵਾ ਦੇ ਜ਼ਹਿਰੀਲੇ ਤੱਤ ਵੀ ਕਿਹਾ ਜਾਂਦਾ ਹੈ, ਕਈ ਸਰੋਤਾਂ ਤੋਂ ਆਉਂਦਾ ਹੈ, ਜਿਵੇਂ ਕਿ ਕਾਰਾਂ, ਟਰੱਕ, ਫੈਕਟਰੀਆਂ ਅਤੇ ਲੱਕੜ ਸਾੜਨਾ। ਹਵਾ ਵਿੱਚ ਮੌਜੂਦ ਪ੍ਰਦੂਸ਼ਕਾਂ ਨੂੰ ਸਾਹ ਰਾਹੀਂ ਅੰਦਰ ਲੈਣ ਨਾਲ ਕੈਂਸਰ ਅਤੇ ਹੋਰ ਗੰਭੀਰ ਸਿਹਤ ਸਮੱਸਿਆਵਾਂ ਹੋ ਸਕਦੀਆਂ ਹਨ। Washington ਰਾਜ ਵਿੱਚ ਹਵਾ ਦੇ ਜ਼ਹਿਰੀਲੇ ਤੱਤਾਂ ਕਾਰਨ ਹੋਣ ਵਾਲੇ ਕੈਂਸਰ ਦੇ ਜੋਖ਼ਮ ਦਾ ਅੱਧ ਤੋਂ ਵੱਧ ਹਿੱਸਾ ਡੀਜ਼ਲ ਕਣਾਂ ਕਾਰਨ ਹੁੰਦਾ ਹੈ। ਵੱਧ ਆਵਾਜਾਈ ਵਾਲੀਆਂ ਸੜਕਾਂ, ਬੰਦਰਗਾਹਾਂ ਅਤੇ ਫੈਕਟਰੀਆਂ ਅਕਸਰ ਪੁਰਾਣੇ ਸਮੇਂ ਤੋਂ ਅਲਪ-ਸੰਖਿਅਕ ਭਾਈਚਾਰਿਆਂ ਦੇ ਨੇੜੇ ਬਣਾਈਆਂ ਜਾਂਦੀਆਂ ਹਨ, ਜਿਸ ਕਾਰਨ ਇਨ੍ਹਾਂ ਭਾਈਚਾਰਿਆਂ ਨੂੰ ਵੱਧ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

## ਜੰਗਲੀ ਅੱਗ ਦੇ ਧੂੰਏਂ ਦੇ ਸੰਪਰਕ ਵਿੱਚ ਆਉਣਾ

ਜੰਗਲ ਦੀ ਅੱਗ ਦੇ ਧੂੰਏਂ ਦੇ ਸੰਪਰਕ ਵਿੱਚ ਆਉਣ ਦਾ ਮਤਲਬ ਧੂੰਏਂ ਦੀ ਉਹ ਮਾਤਰਾ ਹੈ, ਜਿਸ ਦਾ ਸਾਹਮਣਾ ਵਿਅਕਤੀ ਜੰਗਲਾਂ ਵਿੱਚ ਅੱਗ ਲੱਗਣ ਦੇ ਸਮੇਂ (ਆਮ ਤੌਰ 'ਤੇ ਜੂਨ ਤੋਂ ਸਤੰਬਰ ਤੱਕ) ਦੌਰਾਨ ਕਰਦਾ ਹੈ। ਧੂੰਏਂ ਨੂੰ ਸਾਹ ਰਾਹੀਂ ਅੰਦਰ ਲੈਣ ਨਾਲ ਸਾਹ ਲੈਣ ਵਿੱਚ ਮੁਸ਼ਕਲ ਅਤੇ ਦਿਲ ਦੀਆਂ ਸਮੱਸਿਆਵਾਂ ਹੋ ਸਕਦੀਆਂ ਹਨ। ਜੰਗਲੀ ਅੱਗ ਦੇ ਧੂੰਏਂ ਕਾਰਨ ਪੈਦਾ ਹੋਣ ਵਾਲੀਆਂ ਸਿਹਤ ਚਿੰਤਾਵਾਂ ਪੇਂਡੂ ਭਾਈਚਾਰਿਆਂ ਅਤੇ ਹਵਾ ਫਿਲਟਰੇਸ਼ਨ ਦੀ ਸਹੂਲਤ ਤੋਂ ਵਾਂਝੇ ਲੋਕਾਂ ਵਿੱਚ ਜ਼ਿਆਦਾ ਹੁੰਦੀਆਂ ਹਨ।



# ਵਾਤਾਵਰਣ ਸੰਬੰਧੀ ਪ੍ਰਭਾਵ

ਇਹ ਸ਼੍ਰੇਣੀ ਪ੍ਰਦੂਸ਼ਣ ਦੇ ਸੰਭਾਵੀ ਸਰੋਤਾਂ 'ਤੇ ਧਿਆਨ ਦਿੰਦੀ ਹੈ ਜੋ ਸਿਹਤ ਲਈ ਨਕਾਰਾਤਮਕ ਸਥਿਤੀਆਂ ਪੈਦਾ ਕਰਦੇ ਹਨ। ਇਹਨਾਂ ਵਿੱਚੋਂ ਬਹੁਤ ਸਾਰੇ ਉਪਾਅ ਉਸ ਕਾਰਖਾਨੇ ਤੱਕ ਦੀ ਦੂਰੀ ਨੂੰ ਮਾਪਦੇ ਹਨ ਜੋ ਪ੍ਰਦੂਸ਼ਣ ਪੈਦਾ ਕਰ ਸਕਦਾ ਹੈ। ਇਹ ਪ੍ਰਦੂਸ਼ਣ ਵਾਤਾਵਰਣ ਅਤੇ ਉੱਥੇ ਰਹਿੰਦੇ ਜੰਗਲੀ ਜੀਵਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ, ਸਰੋਤਾਂ ਦੀ ਵਰਤੋਂ ਵਧਾ ਸਕਦਾ ਹੈ ਅਤੇ ਨੇੜੇ ਰਹਿਣ ਜਾਂ ਕੰਮ ਕਰਨ ਵਾਲੇ ਲੋਕਾਂ ਲਈ ਸਿਹਤ ਸਮੱਸਿਆਵਾਂ ਪੈਦਾ ਕਰ ਸਕਦਾ ਹੈ। ਨੇੜੇ-ਤੇੜੇ ਰਹਿਣ ਵਾਲੇ ਭਾਈਚਾਰਿਆਂ ਅਤੇ ਜੰਗਲੀ ਜੀਵਾਂ ਲਈ ਵਾਤਾਵਰਣ ਸੰਬੰਧੀ ਪ੍ਰਭਾਵ ਤੁਰੰਤ ਜਾਂ ਦੇਰੀ ਨਾਲ ਹੋ ਸਕਦੇ ਹਨ।

## ਰਿਹਾਇਸ਼ ਸਥਾਨ ਵਿਖੇ ਲੈੱਡ ਦਾ ਖ਼ਤਰਾ

ਰਿਹਾਇਸ਼ ਸਥਾਨ ਵਿੱਚ ਲੈੱਡ ਦੇ ਖ਼ਤਰੇ ਤੋਂ ਭਾਵ ਉਹਨਾਂ ਘਰਾਂ ਦੀ ਪ੍ਰਤੀਸ਼ਤਤਾ ਹੈ ਜਿਨ੍ਹਾਂ ਵਿੱਚ ਲੈੱਡ ਵਾਲਾ ਰੰਗ (ਘਰ ਬਣਾਉਣ ਦੇ ਸਾਲ ਦੇ ਆਧਾਰ 'ਤੇ) ਹੋ ਸਕਦਾ ਹੈ। 1978 ਤੋਂ ਬਾਅਦ ਬਣੇ ਘਰਾਂ ਨੂੰ ਲੈੱਡ-ਆਧਾਰਿਤ ਰੰਗ ਤੋਂ ਸੁਰੱਖਿਅਤ ਮੰਨਿਆ ਜਾਂਦਾ ਹੈ। ਲੈੱਡ ਇੱਕ ਜ਼ਹਿਰੀਲੀ ਧਾਤ ਹੈ, ਜੋ ਖਾਸ ਕਰਕੇ ਬੱਚਿਆਂ ਲਈ ਹਾਨੀਕਾਰਕ ਹੈ। ਲੈੱਡ ਦੀ ਕੋਈ ਸੁਰੱਖਿਅਤ ਮਾਤਰਾ ਨਹੀਂ ਹੁੰਦੀ ਹੈ।

## ਖ਼ਤਰਨਾਕ ਰਹਿੰਦ-ਖੂੰਹਦ ਵਾਲੀਆਂ ਸਾਈਟਾਂ ਦੇ ਨੇੜੇ ਹੋਣਾ

ਉਦਯੋਗਿਕ ਕਾਰਖਾਨਿਆਂ ਤੋਂ ਨਿਕਲਣ ਵਾਲੀ ਖ਼ਤਰਨਾਕ ਰਹਿੰਦ-ਖੂੰਹਦ ਹਵਾ, ਪਾਣੀ ਅਤੇ ਮਿੱਟੀ ਨੂੰ ਪ੍ਰਦੂਸ਼ਿਤ ਕਰ ਸਕਦੀ ਹੈ। ਇਹਨਾਂ ਕਾਰਖਾਨਿਆਂ ਦੇ ਨੇੜੇ-ਤੇੜੇ ਰਹਿਣ ਨਾਲ ਦਿਲ ਅਤੇ ਫੇਫੜਿਆਂ ਦੀਆਂ ਸਮੱਸਿਆਵਾਂ ਸਮੇਤ ਸਿਹਤ ਲਈ ਕਈ ਤਰ੍ਹਾਂ ਦੇ ਖ਼ਤਰੇ ਪੈਦਾ ਹੋ ਸਕਦੇ ਹਨ। ਕਾਲੇ ਅਤੇ ਲਾਤੀਨੀ ਭਾਈਚਾਰੇ ਨਾਲ ਹੀ ਘੱਟ ਵਿੱਤੀ ਸਰੋਤਾਂ ਵਾਲੇ ਲੋਕ ਦੂਜਿਆਂ ਨਾਲੋਂ ਵੱਧ ਪ੍ਰਭਾਵਿਤ ਹੁੰਦੇ ਹਨ।

## ਖ਼ਤਰਾ ਪ੍ਰਬੰਧਨ ਯੋਜਨਾ ਵਾਲੀਆਂ ਥਾਵਾਂ ਦੇ ਨੇੜੇ ਹੋਣਾ

Risk Management Plan (RMP, ਖ਼ਤਰਾ ਪ੍ਰਬੰਧਨ ਯੋਜਨਾ) ਸਾਈਟਾਂ ਉਹ ਕਾਰਖਾਨੇ ਹਨ ਜੋ ਖ਼ਤਰਨਾਕ ਰਸਾਇਣਾਂ ਦੀ ਵਰਤੋਂ ਕਰਦੇ ਹਨ ਅਤੇ ਜਿਨ੍ਹਾਂ ਲਈ ਖਤਰਾ ਪ੍ਰਬੰਧਨ ਯੋਜਨਾ ਤਿਆਰ ਕਰਨੀ ਲਾਜ਼ਮੀ ਹੁੰਦੀ ਹੈ। ਇਹ ਸਾਈਟਾਂ ਨਿਯਮਾਂ ਅਧੀਨ ਹਨ ਅਤੇ ਕਾਰਖਾਨਿਆਂ ਨੂੰ ਹਰ ਪੰਜ ਸਾਲਾਂ ਬਾਅਦ RMP ਨੂੰ ਸੋਧਣਾ ਅਤੇ Environmental Protection Agency (EPA, ਵਾਤਾਵਰਣ ਸੁਰੱਖਿਆ ਏਜੰਸੀ) ਦੇ ਕੋਲ ਦੁਬਾਰਾ ਜਮ੍ਹਾਂ ਕਰਵਾਉਣਾ ਚਾਹੀਦਾ ਹੈ। RMP ਸਾਈਟਾਂ ਵੱਲੋਂ ਵਰਤੇ ਜਾਣ ਵਾਲੇ ਖ਼ਤਰਨਾਕ ਰਸਾਇਣ ਨੇੜੇ-ਤੇੜੇ ਰਹਿਣ ਵਾਲੇ ਜਾਂ ਕੰਮ ਕਰਨ ਵਾਲੇ ਲੋਕਾਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਇਹ ਗੱਲ ਖਾਸ ਤੌਰ 'ਤੇ ਉਦੋਂ ਸੱਚ ਹੁੰਦੀ ਹੈ ਜੇਕਰ ਕੋਈ ਹਾਦਸਾ ਵਾਪਰ ਜਾਂਦਾ ਹੈ। ਇਹ ਸਾਈਟਾਂ ਅਕਸਰ ਪਛੜੇ ਭਾਈਚਾਰਿਆਂ ਅਤੇ ਘੱਟ ਵਿੱਤੀ ਸਰੋਤਾਂ ਵਾਲੇ ਭਾਈਚਾਰਿਆਂ ਦੇ ਨੇੜੇ ਮੌਜੂਦ ਹੁੰਦੀਆਂ ਹਨ, ਜਿਸ ਨਾਲ ਉਹਨਾਂ ਨੂੰ ਜ਼ਿਆਦਾ ਖ਼ਤਰਾ ਹੁੰਦਾ ਹੈ। ਰਸਾਇਣ ਦਾ ਲੀਕ ਹੋਣਾ ਜਾਂ ਦੁਰਘਟਨਾਵਾਂ ਸਿਹਤ ਸੰਬੰਧੀ ਗੰਭੀਰ ਸਮੱਸਿਆਵਾਂ ਦਾ ਕਾਰਨ ਬਣ ਸਕਦੀਆਂ ਹਨ, ਜਿਸ ਵਿੱਚ ਸਾਹ ਲੈਣ ਵਿੱਚ ਮੁਸ਼ਕਲ, ਕੈਂਸਰ ਅਤੇ ਹੋਰ ਸਿਹਤ ਸਮੱਸਿਆਵਾਂ ਸ਼ਾਮਲ ਹਨ।

## ਸੁਪਰਫੰਡ ਸਾਈਟਾਂ ਦਾ ਨੇੜੇ ਮੌਜੂਦ ਹੋਣਾ

ਸੁਪਰਫੰਡ ਸਾਈਟਾਂ ਉਹ ਖੇਤਰ ਹਨ ਜਿੱਥੇ ਲੰਬੇ ਸਮੇਂ ਤੋਂ ਖ਼ਤਰਨਾਕ ਰਹਿੰਦ-ਖੂੰਹਦ ਨੂੰ ਡੰਪ ਕੀਤਾ ਜਾਂ ਸੁੱਟਿਆ ਗਿਆ ਹੈ। ਇਨ੍ਹਾਂ ਸਾਈਟਾਂ ਨੂੰ ਖ਼ਤਰਨਾਕ ਰਹਿੰਦ-ਖੂੰਹਦ ਤੋਂ ਸਾਫ਼ ਕਰਨ ਲਈ ਲੰਬੇ ਸਮੇਂ ਦੀ ਕਾਰਵਾਈ ਦੀ ਲੋੜ ਹੁੰਦੀ ਹੈ। ਸੁਪਰਫੰਡ ਸਾਈਟਾਂ ਨੂੰ ਸਰਕਾਰੀ ਤੌਰ 'ਤੇ ਨਿਰਧਾਰਤ ਕੀਤਾ ਜਾਂਦਾ ਹੈ ਅਤੇ ਵਾਤਾਵਰਣ ਸੰਬੰਧੀ ਸੁਧਾਰ ਲਈ ਰਾਸ਼ਟਰੀ ਸੂਚੀ ਵਿੱਚ ਸ਼ਾਮਲ ਕੀਤਾ ਜਾਂਦਾ ਹੈ। ਇਹ ਮਿੱਟੀ, ਪਾਣੀ ਅਤੇ ਹੋਰ ਮਾਧਿਅਮਾਂ ਤੋਂ ਖ਼ਤਰਨਾਕ ਰਹਿੰਦ-ਖੂੰਹਦ ਨੂੰ ਹਟਾ ਕੇ ਵਾਤਾਵਰਣ ਨੂੰ ਬਹਾਲ ਕਰਨ ਦੀ ਪ੍ਰਕਿਰਿਆ ਹੈ। ਇਨ੍ਹਾਂ ਸਾਈਟਾਂ ਵਿੱਚ ਮਾਈਨਿੰਗ ਖੇਤਰ, ਫੈਕਟਰੀਆਂ, ਲੈਂਡਫਿਲ ਅਤੇ ਪ੍ਰੋਸੈਸਿੰਗ ਪਲਾਂਟ ਸ਼ਾਮਲ ਹੁੰਦੇ ਹਨ ਜਿੱਥੇ ਜ਼ਹਿਰੀਲੀ ਰਹਿੰਦ-ਖੂੰਹਦ ਨੂੰ ਗਲਤ ਤਰੀਕੇ ਨਾਲ ਸੰਭਾਲਿਆ ਜਾਂ ਡੰਪ ਕੀਤਾ ਗਿਆ ਹੁੰਦਾ ਹੈ। ਇਨ੍ਹਾਂ ਸਾਈਟਾਂ ਦੀ ਪੁਰਾਣੇ ਸਮੇਂ ਤੋਂ ਅਲਪ-ਸੰਖਿਅਕ ਭਾਈਚਾਰਿਆਂ ਅਤੇ ਘੱਟ ਆਰਥਿਕ ਸਰੋਤਾਂ ਵਾਲੇ ਭਾਈਚਾਰਿਆਂ ਦੇ ਨੇੜੇ ਹੋਣ ਦੀ ਸੰਭਾਵਨਾ ਵੱਧ ਹੁੰਦੀ ਹੈ। ਇਨ੍ਹਾਂ ਸਾਈਟਾਂ ਦੇ ਨੇੜੇ ਰਹਿਣ ਜਾਂ ਕੰਮ ਕਰਨ ਨਾਲ ਲੰਬੇ ਸਮੇਂ ਦੀਆਂ ਸਿਹਤ ਸੰਬੰਧੀ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ, ਜਿਵੇਂ ਕਿ ਕੈਂਸਰ ਅਤੇ ਸਾਹ ਲੈਣ ਵਿੱਚ ਸਮੱਸਿਆਵਾਂ।

# ਵਾਤਾਵਰਣ ਸੰਬੰਧੀ ਪ੍ਰਭਾਵ (ਅੱਗੇ ਜਾਰੀ)



## ਗੰਦੇ ਪਾਣੀ ਦਾ ਨਿਕਾਸ

ਗੰਦਾ ਪਾਣੀ ਵਰਤੀ ਹੋਈ ਰਹਿੰਦ-ਖੂੰਹਦ ਅਤੇ ਠੋਸ ਪਦਾਰਥਾਂ ਤੋਂ ਬਣਿਆ ਹੁੰਦਾ ਹੈ ਜੋ ਘਰਾਂ, ਕਾਰੋਬਾਰਾਂ ਅਤੇ ਕੁਝ ਉਦਯੋਗਾਂ ਤੋਂ ਸੀਵਰੇਜ ਦੇ ਰੂਪ ਵਿੱਚ ਛੱਡਿਆ ਜਾਂਦਾ ਹੈ। ਗੰਦੇ ਪਾਣੀ ਦਾ ਨਿਕਾਸ ਉਹ ਪਾਣੀ ਹੈ ਜੋ ਵੱਡੇ ਕਾਰਖਾਨਿਆਂ ਦੁਆਰਾ ਗੰਦੇ ਪਾਣੀ ਦਾ ਉਪਚਾਰ ਕਰਨ ਤੋਂ ਬਾਅਦ ਛੱਡਿਆ ਜਾਂਦਾ ਹੈ। ਗੰਦੇ ਪਾਣੀ ਦੇ ਨਿਕਾਸ ਵਿੱਚ ਪ੍ਰਦੂਸ਼ਣ ਨੇੜੇ-ਤੇੜੇ ਰਹਿਣ ਵਾਲੇ ਭਾਈਚਾਰਿਆਂ ਵਿੱਚ ਹਾਈ ਬਲੱਡ ਪ੍ਰੈਸ਼ਰ, ਕੈਂਸਰ ਅਤੇ ਛੂਤ ਦੀਆਂ ਬਿਮਾਰੀਆਂ ਵਰਗੀਆਂ ਸਿਹਤ ਸਮੱਸਿਆਵਾਂ ਦਾ ਕਾਰਨ ਬਣ ਸਕਦਾ ਹੈ। ਮੂਲ ਨਿਵਾਸੀ ਅਤੇ ਹੋਰ ਗੁਜ਼ਾਰਾ ਕਰਨ ਵਾਲੇ ਮਛੇਰੇ ਜੋ ਜ਼ਿਆਦਾ ਮੱਛੀ ਖਾਂਦੇ ਹਨ, ਉਨ੍ਹਾਂ ਦੇ ਇਸ ਪ੍ਰਦੂਸ਼ਣ ਦੇ ਸੰਪਰਕ ਵਿੱਚ ਆਉਣ ਦੀ ਸੰਭਾਵਨਾ ਸਭ ਤੋਂ ਵੱਧ ਹੁੰਦੀ ਹੈ। ਵਿੱਤੀ ਮੌਕਿਆਂ ਤੱਕ ਘੱਟ ਪਹੁੰਚ ਵਾਲੇ ਭਾਈਚਾਰਿਆਂ ਅਤੇ ਪੁਰਾਣੇ ਸਮੇਂ ਤੋਂ ਅਲਪ-ਸੰਖਿਅਕ ਭਾਈਚਾਰਿਆਂ ਦੇ ਪੁਰਾਣੇ ਅਤੇ ਘੱਟ ਰੱਖ-ਰਖਾਅ ਵਾਲੇ ਗੰਦੇ ਪਾਣੀ ਦੇ ਬੁਨਿਆਦੀ ਢਾਂਚੇ ਦੇ ਕਾਰਨ ਇਸ ਪ੍ਰਦੂਸ਼ਣ ਦੇ ਸੰਪਰਕ ਵਿੱਚ ਆਉਣ ਦੀ ਸੰਭਾਵਨਾ ਵੀ ਜ਼ਿਆਦਾ ਹੈ।

## ਪਾਣੀ ਦੀ ਗੁਣਵੱਤਾ



ਪਾਣੀ ਦੀ ਗੁਣਵੱਤਾ ਵਾਤਾਵਰਣ ਪ੍ਰਣਾਲੀ ਦਾ ਸਮਰਥਨ ਕਰਦੀ ਹੈ ਅਤੇ ਖੇਤੀਬਾੜੀ (ਖੇਤੀ) ਨੂੰ ਕਾਇਮ ਰੱਖਦੀ ਹੈ। ਜਿਹੜੇ ਕਬਾਇਲੀ ਰਾਸ਼ਟਰ ਅਤੇ ਭਾਈਚਾਰੇ ਜਲ ਦੇ ਕੁਦਰਤੀ ਸੋਮਿਆ ਉੱਤੇ ਨਿਰਭਰ ਕਰਦੇ ਹਨ, ਉਹਨਾਂ ਉੱਤੇ ਪ੍ਰਦੂਸ਼ਣ ਦਾ ਅਸਰ ਪੈਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ, ਜਿਸ ਕਾਰਨ ਉਹਨਾਂ ਦੀ ਸਿਹਤ ਅਤੇ ਸੱਭਿਆਚਾਰਕ ਅਭਿਆਸਾਂ ਦੋਵਾਂ ਨੂੰ ਨੁਕਸਾਨ ਪਹੁੰਚ ਸਕਦਾ ਹੈ। ਪਾਣੀ ਦੀ ਘਟੀਆ ਜਾਂ ਅਸਵੀਕਾਰਨਯੋਗ ਗੁਣਵੱਤਾ ਜਲ-ਵਾਤਾਵਰਣ ਪ੍ਰਣਾਲੀਆਂ ਨੂੰ ਨੁਕਸਾਨ ਪਹੁੰਚਾ ਸਕਦੀ ਹੈ ਅਤੇ ਮਨੁੱਖਾਂ ਅਤੇ ਜਾਨਵਰਾਂ ਦੀ ਸਿਹਤ ਨੂੰ ਪ੍ਰਭਾਵਿਤ ਕਰ ਸਕਦੀ ਹੈ। ਉਦਾਹਰਨ ਵਜੋਂ, ਡਾਇਓਕਸਿਨ ਵਰਗੇ ਪ੍ਰਦੂਸ਼ਕ ਲੋਕਾਂ ਅਤੇ ਮੱਛੀਆਂ ਦੋਵਾਂ ਵਿੱਚ ਪ੍ਰਜਨਨ ਅਤੇ ਵਿਕਾਸ ਵਿੱਚ ਰੁਕਾਵਟ ਪੈਦਾ ਕਰ ਸਕਦੇ ਹਨ।

# ਸਮਾਜਿਕ-ਆਰਥਿਕ ਕਾਰਕ

ਸਮਾਜਿਕ ਅਤੇ ਆਰਥਿਕ ਕਾਰਕ ਕਈ ਤਰੀਕਿਆਂ ਨਾਲ ਤੰਦਰੁਸਤੀ ਲਈ ਮਹੱਤਵਪੂਰਨ ਹਨ। ਸਮਾਜਿਕ-ਆਰਥਿਕ ਕਾਰਕਾਂ ਤੋਂ ਭਾਵ ਉਹਨਾਂ ਸਮਾਜਿਕ ਅਤੇ ਆਰਥਿਕ ਸਥਿਤੀਆਂ ਤੋਂ ਹੈ ਜੋ ਵਿਅਕਤੀਆਂ ਅਤੇ ਭਾਈਚਾਰਿਆਂ ਦੇ ਲਈ ਮੌਕਿਆਂ, ਸਰੋਤਾਂ ਅਤੇ ਤੰਦਰੁਸਤੀ ਨੂੰ ਪ੍ਰਭਾਵਿਤ ਕਰਦੀਆਂ ਹਨ। ਸਮਾਜਿਕ-ਆਰਥਿਕ ਕਾਰਕ ਪੁਰਾਣੇ ਸਮੇਂ ਤੋਂ ਅਲਪ-ਸੰਖਿਅਕ ਆਬਾਦੀ ਦੀ ਪ੍ਰਦੂਸ਼ਣ ਪ੍ਰਤੀ ਕਮਜ਼ੋਰੀ ਨੂੰ ਵੀ ਪ੍ਰਭਾਵਿਤ ਕਰਦੇ ਹਨ। ਸੁਰੱਖਿਅਤ ਰਿਹਾਇਸ਼, ਪੌਸ਼ਟਿਕ ਭੋਜਨ, ਗੁਜ਼ਾਰੇ ਯੋਗ ਤਨਖਾਹ ਅਤੇ ਸਿੱਖਿਆ, ਵਿੱਤੀ ਸਰੋਤਾਂ, ਇੰਟਰਨੈੱਟ ਅਤੇ ਸਿਹਤ ਸੰਭਾਲ ਦੀਆਂ ਸਹੂਲਤਾਂ ਤੱਕ ਪਹੁੰਚ ਦੇ ਨਾਲ ਭਾਈਚਾਰਿਆਂ ਉੱਤੇ ਪੈਣ ਵਾਲਾ ਪ੍ਰਦੂਸ਼ਣ ਦਾ ਸਮੁੱਚਾ ਪ੍ਰਭਾਵ ਘੱਟ ਸਕਦਾ ਹੈ।

## ਭਾਈਚਾਰੇ ਲਈ ਰਿਟੇਲ ਭੋਜਨ ਦਾ ਮਾਹੌਲ

ਵਿਭਿੰਨ ਪ੍ਰਕਾਰ ਦੇ ਭੋਜਨ ਅਤੇ ਕਿਫ਼ਾਇਤੀ ਭੋਜਨ ਤੱਕ ਪਹੁੰਚ ਨਾਲ ਵੀ ਸਮੁੱਚੀ ਸਿਹਤ ਪ੍ਰਭਾਵਿਤ ਹੁੰਦੀ ਹੈ। ਘੱਟ ਵਿੱਤੀ ਸਰੋਤਾਂ ਵਾਲੇ ਸ਼ਹਿਰੀ ਅਤੇ ਪੇਂਡੂ ਭਾਈਚਾਰਿਆਂ ਦੇ ਕੋਲ ਕਰਿਆਨੇ ਦੀਆਂ ਦੁਕਾਨਾਂ ਤੱਕ ਸੀਮਤ ਪਹੁੰਚ ਹੋਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ, ਜਿਸ ਕਾਰਨ ਉਹਨਾਂ ਨੂੰ ਵੱਧ ਕੀਮਤ 'ਤੇ ਘੱਟ ਕਿਸਮ ਦਾ ਭੋਜਨ ਮਿਲਦਾ ਹੈ।

## ਡਿਜੀਟਲ ਬੁਨਿਆਦੀ ਢਾਂਚਾ

ਇੰਟਰਨੈੱਟ ਲੋਕਾਂ ਨੂੰ ਸਿੱਖਿਆ, ਨੌਕਰੀਆਂ ਅਤੇ ਸਿਹਤ ਸੰਭਾਲ ਦੀਆਂ ਸਹੂਲਤਾਂ ਨਾਲ ਜੋੜਦਾ ਹੈ। ਇੰਟਰਨੈੱਟ ਤੱਕ ਪਹੁੰਚ ਸਮਾਜਿਕ ਮੇਲ-ਮਿਲਾਪ ਅਤੇ ਟੈਲੀਹੈਲਥ (ਲੰਬੀ ਦੂਰੀ ਦੀਆਂ ਸਿਹਤ ਸੇਵਾਵਾਂ) ਵਰਗੇ ਸਰੋਤਾਂ ਤੱਕ ਪਹੁੰਚ ਨੂੰ ਬਿਹਤਰ ਬਣਾ ਸਕਦੀ ਹੈ ਜਾਂ ਮਹੱਤਵਪੂਰਨ ਐਮਰਜੈਂਸੀ ਜਾਣਕਾਰੀ ਪ੍ਰਾਪਤ ਕਰਨ ਵਿੱਚ ਮਦਦ ਕਰ ਸਕਦੀ ਹੈ। ਇਹ ਪੇਂਡੂ ਖੇਤਰਾਂ ਲਈ ਖਾਸ ਤੌਰ 'ਤੇ ਮਹੱਤਵਪੂਰਨ ਹੈ, ਜਿੱਥੇ ਬਜ਼ੁਰਗਾਂ ਦੀ ਗਿਣਤੀ ਜ਼ਿਆਦਾ ਹੈ ਅਤੇ ਆਵਾਜਾਈ ਦੀਆਂ ਸਹੂਲਤਾਂ ਸੀਮਤ ਹਨ।

## ਕੋਈ ਹਾਈ ਸਕੂਲ ਡਿਪਲੋਮਾ ਨਹੀਂ

ਸਿੱਖਿਆ ਪ੍ਰਾਪਤ ਕਰਨ ਨਾਲ ਵੀ ਲੋਕਾਂ ਨੂੰ ਆਪਣੀ ਸਿਹਤ ਬਾਰੇ ਸਹੀ ਫੈਸਲੇ ਲੈਣ ਵਿੱਚ ਮਦਦ ਮਿਲਦੀ ਹੈ ਅਤੇ ਨੌਕਰੀ ਪ੍ਰਾਪਤ ਕਰਨ ਦੇ ਮੌਕੇ ਵੱਧ ਜਾਂਦੇ ਹਨ, ਜਿਸ ਨਾਲ ਸਿਹਤ ਅਸਮਾਨਤਾਵਾਂ ਨੂੰ ਘਟਾਇਆ ਜਾ ਸਕਦਾ ਹੈ। ਘੱਟ ਸਰਕਾਰੀ ਸਿੱਖਿਆ ਕਈ ਤਰੀਕਿਆਂ ਨਾਲ ਸਿਹਤ ‘ਤੇ ਪ੍ਰਭਾਵ ਪਾ ਸਕਦੀ ਹੈ, ਜਿਸ ਵਿੱਚ ਵਧਿਆ ਹੋਇਆ ਤਣਾਅ, ਕੈਦ ਹੋਣ ਦਾ ਖ਼ਤਰਾ ਅਤੇ ਵਾਤਾਵਰਣ ਸੰਬੰਧੀ ਪ੍ਰਦੂਸ਼ਕਾਂ ਦੇ ਸੰਪਰਕ ਵਿੱਚ ਆਉਣਾ ਸ਼ਾਮਲ ਹੈ।

## ਗੈਰ-ਗੋਰੇ ਲੋਕ (ਨਸਲ/ਜਾਤੀ)

ਨਸਲਵਾਦੀ ਨੀਤੀਆਂ, ਕਾਨੂੰਨਾਂ ਅਤੇ ਕਾਰਵਾਈਆਂ ਦੇ ਕਾਰਨ, ਗੋਰੇ ਲੋਕਾਂ ਦੇ ਮੁਕਾਬਲੇ ਗੈਰ-ਗੋਰੇ ਲੋਕ ਪ੍ਰਦੂਸ਼ਣ ਦਾ ਸਾਹਮਣਾ ਵਧੇਰੇ ਕਰਦੇ ਹਨ ਅਤੇ ਸਿਹਤ ਸੰਬੰਧੀ ਚੁਣੌਤੀਆਂ ਦਾ ਸਾਹਮਣਾ ਵੀ ਜ਼ਿਆਦਾ ਕਰਦੇ ਹਨ। ਪ੍ਰਣਾਲੀਗਤ ਅਤੇ ਢਾਂਚਾਗਤ ਨਸਲਵਾਦ, ਦੋਵੇਂ ਹੀ ਸਮਾਜ ਵਿੱਚ ਲਗਾਤਾਰ ਨਸਲੀ ਅਸਮਾਨਤਾਵਾਂ ਪੈਦਾ ਕਰਦੇ ਹਨ ਅਤੇ ਉਹਨਾਂ ਨੂੰ ਹੋਰ ਵਧਾਉਂਦੇ ਹਨ। ਉਦਾਹਰਨ ਦੇ ਤੌਰ 'ਤੇ, ਪੁਰਾਣੇ ਸਮੇਂ ਤੋਂ ਰੈੱਡਲਾਈਨਿੰਗ ਦੇ ਪ੍ਰਭਾਵ ਅੱਜ ਵੀ ਧਨ ਦੀ ਵੰਡ ਅਤੇ ਸਿਹਤ ਦੇ ਨਤੀਜਿਆਂ, ਦੋਵਾਂ ਨੂੰ ਪ੍ਰਭਾਵਿਤ ਕਰਦੇ ਹਨ।

ਇੱਕ ਹੋਰ ਉਦਾਹਰਨ ਸਿਹਤ ਸੰਭਾਲ ਐਲਗੋਰਿਦਮ ਹਨ, ਜੋ ਗੈਰ-ਗੋਰੇ ਮਰੀਜ਼ਾਂ ਦੇ ਮੁਕਾਬਲੇ ਗੋਰੇ ਮਰੀਜ਼ਾਂ ਨੂੰ ਤਰਜੀਹ ਦਿੰਦੇ ਹਨ ਜਾਂ ਕੁਝ ਡਾਕਟਰੀ ਸੇਵਾਵਾਂ ਲਈ ਫੋਟੋ ID ਦੀ ਮੰਗ ਕਰਦੇ ਹਨ। ਇਹ ਲੋੜ ਗੈਰ-ਗੋਰੇ ਭਾਈਚਾਰਿਆਂ ਨੂੰ ਅਸਮਾਨ ਤੌਰ 'ਤੇ ਪ੍ਰਭਾਵਿਤ ਕਰਦੀ ਹੈ। ਗੈਰ-ਗੋਰੇ ਭਾਈਚਾਰਿਆਂ ਦੇ ਬੱਚੇ ਅਤੇ ਔਰਤਾਂ ਪ੍ਰਦੂਸ਼ਣ ਕਾਰਨ ਪੈਦਾ ਹੋਣ ਵਾਲੀਆਂ ਸਿਹਤ ਸੰਬੰਧੀ ਸਮੱਸਿਆਵਾਂ ਲਈ ਵੱਧ ਖ਼ਤਰੇ ਵਿੱਚ ਹੁੰਦੇ ਹਨ।

# ਸਮਾਜਿਕ-ਆਰਥਿਕ ਕਾਰਕ (ਅੱਗੇ ਜਾਰੀ)

## ਗਰੀਬੀ ਵਿੱਚ ਰਹਿਣ ਵਾਲੀ ਆਬਾਦੀ (ਫੈਡਰਲ ਗਰੀਬੀ ਪੱਧਰ ਦੇ 185% ਤੋਂ ਘੱਟ ਜਾਂ ਉਸਦੇ ਬਰਾਬਰ)

ਘੱਟ ਆਮਦਨ ਵਾਲੇ ਲੋਕਾਂ ‘ਤੇ ਪ੍ਰਦੂਸ਼ਣ ਦਾ ਸਿਹਤ ‘ਤੇ ਵੱਧ ਅਸਰ ਪੈ ਸਕਦਾ ਹੈ, ਕਿਉਂਕਿ ਉਨ੍ਹਾਂ ਕੋਲ ਪੌਸ਼ਟਿਕ ਭੋਜਨ, ਸੁਰੱਖਿਅਤ ਰਿਹਾਇਸ਼ ਅਤੇ ਸਿਹਤ ਸੰਭਾਲ ਤੱਕ ਘੱਟ ਪਹੁੰਚ ਹੈ। ਪਹਿਲਾਂ ਤੋਂ ਹੀ ਜ਼ੁਲਮ ਅਤੇ ਨਸਲਵਾਦ ਦਾ ਸਾਹਮਣਾ ਕਰ ਰਹੇ ਸਮੂਹਾਂ ‘ਤੇ ਇਨ੍ਹਾਂ ਸਿਹਤ ਖਤਰਿਆਂ ਦਾ ਸਭ ਤੋਂ ਵੱਧ ਅਸਰ ਪੈਂਦਾ ਹੈ।

## ਮੁੱਖ ਭਾਸ਼ਾ ਅੰਗਰੇਜ਼ੀ ਤੋਂ ਇਲਾਵਾ ਕੋਈ ਹੋਰ ਹੈ

ਉਹ ਲੋਕ ਜਿਹਨਾਂ ਦੀ ਮੁੱਖ ਭਾਸ਼ਾ ਅੰਗਰੇਜ਼ੀ ਤੋਂ ਇਲਾਵਾ ਕੋਈ ਹੋਰ ਹੈ, ਉਹਨਾਂ ਨੂੰ ਸਿਹਤ ਸੰਭਾਲ ਦੀਆਂ ਸਹੂਲਤਾਂ ਸਮੇਤ ਹੋਰ ਸੇਵਾਵਾਂ ਅਤੇ ਜਾਣਕਾਰੀ ਤੋਂ ਵਾਂਝਾ ਰੱਖਿਆ ਜਾ ਸਕਦਾ ਹੈ। ਅੰਗਰੇਜ਼ੀ ਬੋਲਣ ਵਿੱਚ ਮੁਸ਼ਕਲ ਸਿਹਤ ਸੰਬੰਧੀ ਅਸਮਾਨਤਾਵਾਂ ਅਤੇ ਪ੍ਰਦੂਸ਼ਣ ਦੇ ਜ਼ਿਆਦਾ ਸੰਪਰਕ ਵਿੱਚ ਆਉਣ ਦੀਆਂ ਸਥਿਤੀਆਂ ਵਿੱਚ ਯੋਗਦਾਨ ਪਾਉਂਦੀ ਹੈ।

## ਆਵਾਜਾਈ ਦਾ ਖਰਚਾ

ਆਵਾਜਾਈ ਦੇ ਖਰਚੇ (ਤੁਸੀਂ ਇੱਕ ਥਾਂ ਤੋਂ ਦੂਜੀ ਥਾਂ ਜਾਣ ਲਈ ਕਿੰਨਾ ਪੈਸਾ ਖਰਚ ਕਰਦੇ ਹੋ) ਸਿੱਧੇ ਤੌਰ 'ਤੇ ਇਸ ਗੱਲ 'ਤੇ ਅਸਰ ਪਾਉਂਦੇ ਹਨ ਕਿ ਪਰਿਵਾਰਾਂ ਕੋਲ ਭੋਜਨ ਅਤੇ ਸਿਹਤ ਸੰਭਾਲ ਵਰਗੀਆਂ ਹੋਰ ਜ਼ਰੂਰੀ ਸਹੂਲਤਾਂ ਲਈ ਕਿੰਨਾ ਪੈਸਾ ਹੈ। ਘੱਟ ਵਿੱਤੀ ਸਰੋਤਾਂ ਵਾਲੇ ਲੋਕਾਂ ਲਈ ਆਵਾਜਾਈ ਦੇ ਜ਼ਿਆਦਾ ਖਰਚੇ ਬੋਝ ਹੋ ਸਕਦੇ ਹਨ। ਪੇਂਡੂ ਖੇਤਰਾਂ ਵਰਗੇ ਆਵਾਜਾਈ ਤੱਕ ਸੀਮਤ ਪਹੁੰਚ ਵਾਲੇ ਭਾਈਚਾਰਿਆਂ (ਜਗ੍ਹਾਵਾਂ ‘ਤੇ ਪਹੁੰਚਣ ਦੇ ਤਰੀਕੇ) ਵਿੱਚ ਆਵਾਜਾਈ ਦੇ ਖਰਚੇ ਜ਼ਿਆਦਾ ਹੋ ਸਕਦੇ ਹਨ।

## ਮਹਿੰਗੀ ਰਿਹਾਇਸ਼

ਰਿਹਾਇਸ਼ ਦੀ ਲਾਗਤ ਇਸ ਗੱਲ 'ਤੇ ਅਸਰ ਪਾਉਂਦੀ ਹੈ ਕਿ ਪਰਿਵਾਰਾਂ ਕੋਲ ਭੋਜਨ ਅਤੇ ਸਿਹਤ ਸੰਭਾਲ ਵਰਗੀਆਂ ਹੋਰ ਜ਼ਰੂਰੀ ਸਹੂਲਤਾਂ ਲਈ ਕਿੰਨਾ ਪੈਸਾ ਹੈ। ਘੱਟ ਵਿੱਤੀ ਵਿਕਲਪਾਂ ਵਾਲੇ ਸਮੂਹ ਅਤੇ ਵਿਅਕਤੀ ਅਤੇ ਪੁਰਾਣੇ ਸਮੇਂ ਤੋਂ ਅਲਪ-ਸੰਖਿਅਕ ਭਾਈਚਾਰੇ ਰੈੱਡਲਾਈਨਿੰਗ ਅਤੇ ਹੋਰ ਨਸਲਵਾਦੀ ਰਿਹਾਇਸ਼ ਨੀਤੀਆਂ ਕਾਰਨ ਇਸ ਤੋਂ ਸਭ ਤੋਂ ਵੱਧ ਪ੍ਰਭਾਵਿਤ ਹੁੰਦੇ ਹਨ।

## ਬੇਰੁਜ਼ਗਾਰੀ

ਬੇਰੁਜ਼ਗਾਰੀ ਉਹ ਲੋਕਾਂ ਨੂੰ ਦਰਸਾਉਂਦੀ ਹੈ, ਜਿਹਨਾਂ ਕੋਲ ਨੌਕਰੀ ਨਹੀਂ ਹੈ। ਨੌਕਰੀਆਂ ਸਿਹਤ ਸੰਭਾਲ ਦੀਆਂ ਸਹੂਲਤਾਂ ਤੱਕ ਪਹੁੰਚ ਪ੍ਰਦਾਨ ਕਰਦੀਆਂ ਹਨ, ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਕਰਦੀਆਂ ਹਨ, ਅਤੇ ਵਿੱਤੀ ਤਣਾਅ ਨੂੰ ਘਟਾਉਂਦੀਆਂ ਹਨ। ਪੁਰਾਣੇ ਸਮੇਂ ਤੋਂ ਅਲਪ-ਸੰਖਿਅਕ ਭਾਈਚਾਰਿਆਂ, ਔਰਤਾਂ ਅਤੇ ਅਪਾਹਜ ਲੋਕਾਂ ਨੂੰ ਰੁਜ਼ਗਾਰ ਦੇ ਲਈ ਸਭ ਤੋਂ ਵੱਧ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

# ਸੰਵੇਦਨਸ਼ੀਲ ਆਬਾਦੀ

ਪਹਿਲਾਂ ਤੋਂ ਹੀ ਸਿਹਤ ਸਮੱਸਿਆਵਾਂ ਨਾਲ ਜੂਝ ਰਹੇ ਲੋਕਾਂ ਨੂੰ ਪ੍ਰਦੂਸ਼ਣ ਦੇ ਸੰਪਰਕ ਵਿੱਚ ਆਉਣ ਕਾਰਨ ਹੋਰ ਗੰਭੀਰ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰਨ ਦੀ ਵੱਧ ਸੰਭਾਵਨਾ ਹੁੰਦੀ ਹੈ। ਸੰਵੇਦਨਸ਼ੀਲ ਜਨਸੰਖਿਆ ਵਿੱਚ ਦਿਲ ਦੀ ਬਿਮਾਰੀ, ਜਨਮ ਵੇਲੇ ਘੱਟ ਭਾਰ, ਸਾਹ ਦੀ ਬਿਮਾਰੀ ਵਾਲੇ ਅਤੇ ਅਪਾਹਜ ਲੋਕ ਸ਼ਾਮਲ ਹਨ। ਮੌਜੂਦਾ ਅਤੇ ਪੁਰਾਣੀਆਂ ਸਮਾਜਿਕ ਬੇਇਨਸਾਫ਼ੀਆਂ ਅਸਮਾਨਤਾਵਾਂ ਪੈਦਾ ਕਰਦੀਆਂ ਹਨ, ਜੋ ਇਹਨਾਂ ਸਿਹਤ ਸਮੱਸਿਆਵਾਂ ਨੂੰ ਹੋਰ ਵਧਾਉਂਦੀਆਂ ਹਨ।

## ਹਵਾ ਦੀ ਗੁਣਵੱਤਾ ਨਾਲ ਸੰਬੰਧਿਤ ਸਾਹ ਦੀ ਬਿਮਾਰੀ

ਗੱਡੀਆਂ ਦਾ ਧੂੰਆਂ, ਪਸ਼ੂ ਪਾਲਣ, ਰਸੋਈ ਦਾ ਧੂੰਆਂ ਅਤੇ ਹੋਰ ਸਰੋਤਾਂ ਤੋਂ ਹੋਣ ਵਾਲਾ ਹਵਾ ਪ੍ਰਦੂਸ਼ਣ ਫੇਫੜਿਆਂ ਨੂੰ ਜਲਨ ਪਹੁੰਚਾਉਂਦਾ ਹੈ। ਇਸ ਨਾਲ ਦਮੇ ਦਾ ਦੌਰਾ ਪੈ ਸਕਦਾ ਹੈ ਜਾਂ ਸਾਹ ਲੈਣ ਵਿੱਚ ਮੁਸ਼ਕਲ ਹੋ ਸਕਦੀ ਹੈ। ਛੋਟੇ ਬੱਚੇ ਇਸ ਹਵਾ ਦੇ ਪ੍ਰਦੂਸ਼ਣ ਦਾ ਸਭ ਤੋਂ ਵੱਧ ਸ਼ਿਕਾਰ ਹੁੰਦੇ ਹਨ, ਅਤੇ ਗੋਰੇ ਭਾਈਚਾਰਿਆਂ ਦੇ ਮੁਕਾਬਲੇ ਗੈਰ-ਗੋਰੇ ਭਾਈਚਾਰਿਆਂ ਵਿੱਚ ਬਚਪਨ ਤੋਂ ਹੀ ਦਮੇ ਦੀ ਦਰ ਬਹੁਤ ਜ਼ਿਆਦਾ ਹੁੰਦੀ ਹੈ।

## ਦਿਲ ਦੀ ਬਿਮਾਰੀ ਕਾਰਨ ਮੌਤ

ਦਿਲ ਦੀਆਂ ਬਿਮਾਰੀਆਂ (CVDs) ਜਿਵੇਂ ਕਿ ਐਓਰਟਿਕ ਬਿਮਾਰੀ ਅਤੇ ਕੋਰੋਨਰੀ ਦਿਲ ਦੀ ਬਿਮਾਰੀ, ਦਿਲ ਦੀਆਂ ਮਾਸਪੇਸ਼ੀਆਂ ਅਤੇ ਨਾੜੀਆਂ ਵਿੱਚ ਸਮੱਸਿਆਵਾਂ ਪੈਦਾ ਹੋਣ ਕਾਰਨ ਹੁੰਦੀ ਹੈ। CVD ਨਾਲ ਪੀੜਤ ਲੋਕਾਂ ਨੂੰ ਪ੍ਰਦੂਸ਼ਣ ਦੇ ਸੰਪਰਕ ਵਿੱਚ ਆਉਣ 'ਤੇ ਦਿਲ ਦਾ ਦੌਰਾ ਪੈਣ ਜਾਂ ਸਟ੍ਰੋਕ ਹੋਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ। ਪੁਰਾਣੇ ਸਮੇਂ ਤੋਂ ਅਲਪ-ਸੰਖਿਅਕ ਭਾਈਚਾਰਿਆਂ ਵਿੱਚ ਨਸਲਵਾਦ ਦੇ ਪ੍ਰਭਾਵਾਂ ਦੇ ਕਾਰਨ ਦਿਲ ਦੀ ਬਿਮਾਰੀਆਂ (CVDs) ਦੀ ਦਰ ਵੱਧ ਰਹੀ ਹੈ, ਜਿਸ ਵਿੱਚ ਵਧੀਆ ਡਾਕਟਰੀ ਦੇਖਭਾਲ ਅਤੇ ਪੌਸ਼ਟਿਕ ਭੋਜਨ ਤੱਕ ਪਹੁੰਚ ਦੀ ਘਾਟ ਸ਼ਾਮਲ ਹੈ।

## ਜਨਮ ਵੇਲੇ ਘੱਟ ਭਾਰ

ਜਨਮ ਵੇਲੇ ਘੱਟ ਭਾਰ ਦਾ ਮਤਲਬ ਹੈ ਕਿ ਜਨਮ ਵੇਲੇ ਬੱਚੇ ਦਾ ਭਾਰ5.5 ਪੌਂਡ (2.5 ਕਿਲੋਗ੍ਰਾਮ) ਤੋਂ ਘੱਟ ਹੈ। ਘੱਟ ਭਾਰ ਵਾਲੇ ਬੱਚਿਆਂ ਨੂੰ ਦਿਲ ਦੀ ਬਿਮਾਰੀ, ਸ਼ੂਗਰ ਅਤੇ ਦਮੇ ਸਮੇਤ ਹੋਰ ਕਈ ਸਿਹਤ ਸਮੱਸਿਆਵਾਂ ਹੋਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ। ਮਾਵਾਂ ਦੀ ਸਿਹਤ ਅਤੇ ਜਨਮ ਤੋਂ ਪਹਿਲਾਂ ਦੀ ਦੇਖਭਾਲ ਵਿੱਚ ਅਸਮਾਨਤਾਵਾਂ ਦੇ ਕਾਰਨ ਕਾਲੇ ਭਾਈਚਾਰੇ ਦੀਆਂ ਮਾਵਾਂ ਵਿੱਚ ਘੱਟ ਜਨਮ ਭਾਰ ਵਾਲੇ ਬੱਚਿਆਂ ਨੂੰ ਜਨਮ ਦੇਣ ਦੀ ਦਰ ਵੱਧ ਹੁੰਦੀ ਹੈ।

## ਅਪਾਹਜ ਲੋਕ

ਅਪਾਹਜ ਲੋਕਾਂ ਨੂੰ ਅਕਸਰ ਸਿਹਤ ਸੰਭਾਲ ਦੀਆਂ ਸਹੂਲਤਾਂ ਤੱਕ ਪਹੁੰਚ ਕਰਨ ਵਿੱਚ ਮੁਸ਼ਕਲ ਪੇਸ਼ ਆਉਂਦੀ ਹੈ ਅਤੇ ਉਹ ਪ੍ਰਦੂਸ਼ਣ ਦੇ ਸਰੋਤਾਂ ਦੇ ਵੀ ਨੇੜੇ ਰਹਿੰਦੇ ਹਨ। ਪੁਰਾਣੇ ਸਮੇਂ ਤੋਂ ਅਲਪ-ਸੰਖਿਅਕ ਭਾਈਚਾਰਿਆਂ ਨਾਲ ਸੰਬੰਧਿਤ ਅਪਾਹਜ ਲੋਕਾਂ ਨੂੰ ਅਕਸਰ ਜ਼ਿਆਦਾ ਢਾਂਚਾਗਤ ਅਤੇ ਵਿੱਤੀ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਕਾਰਨ ਉਹਨਾਂ ਦੀਆਂ ਸਿਹਤ ਸੰਬੰਧੀ ਚੁਣੌਤੀਆਂ ਹੋਰ ਵੱਧ ਜਾਂਦੀਆਂ ਹਨ।

### ਹੋਰ ਜਾਣਕਾਰੀ ਲਈ

EHD ਨਕਸ਼ੇ ਦੀ ਅੱਪਡੇਟ ਪ੍ਰਕਿਰਿਆ ਅਤੇ ਵਿਸਥਾਰਪੂਰਵਕ ਤਰੀਕਿਆਂ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ EHD ਨਕਸ਼ੇ ਦੀ ਰਿਪੋਰਟ (ਅੰਗਰੇਜ਼ੀ ਵਿੱਚ) ਨੂੰ ਵੇਖੋ।

### ਸਾਡੇ ਨਾਲ ਸੰਪਰਕ ਕਰੋ

ਸਵਾਲਾਂ ਜਾਂ ਹੋਰ ਜਾਣਕਾਰੀ ਲਈ, EHDMap@doh.wa.gov 'ਤੇ ਈਮੇਲ ਕਰੋ।

Washington State Department of HEALTH

**DOH 334-579 ਫਰਵਰੀ 2026 CS Punjabi**

ਕਿਸੇ ਹੋਰ ਫਾਰਮੈਟ ਵਿੱਚ ਇਸ ਦਸਤਾਵੇਜ਼ ਲਈ ਬੇਨਤੀ ਕਰਨ ਵਾਸਤੇ, 1-800-525-0127 'ਤੇ ਕਾਲ ਕਰੋ। ਬਹਿਰੇ ਗਾਹਕ ਜਾਂ ਜਿੰਨ੍ਹਾਂ ਗਾਹਕਾਂ ਨੂੰ ਉੱਚਾ ਸੁਣਦਾ ਹੈ, ਉਹ ਕਿਰਪਾ ਕਰਕੇ 711 (Washington Relay) 'ਤੇ ਕਾਲ ਕਰੋ ਜਾਂ doh.information@doh.wa.gov 'ਤੇ ਈਮੇਲ ਕਰੋ।